# ਖਾਣ ਪੀਣ ਨੂੰ ਭਾਗਭਰੀ ਤੇ ਧੌਣ ਭੰਨਾਵੇ ਜੁੰਮਾ

ਕਾਫੀ ਦੇਰ ਗਏ ਰਾਤ ਇਕੱਤੀ ਜੁਲਾਈ ਨੂੰ ਅਮਰੀਕਾ ਦੇ ਸਦਰ ਓਬਾਮਾ ਅਤੇ ਕਾਂਗਰਸ ਦਾ ਕਰਜ਼ੇ ਦੀ ਹੱਦ ਵਧਾਉਣ ਬਾਰੇ ਆਪਸ ਵਿਚ ਇਕ ਸਮਝੌਤਾ ਹੋ ਗਿਆ ਹੈ। ਕਈ ਮਹੀਨਿਆਂ ਤੋਂ ਸਦਰ ਓਬਾਮਾ ਅਤੇ ਕਾਂਗਰਸ ਕਰਜ਼ੇ ਦੀ ਹੱਦ ਬਾਰੇ ਸਰਕਸ ਬਾਜ਼ੀ ਚਲਾ ਰਹੇ ਸਨ। ਕਦੇ ਓਬਾਮਾ ਕੋਈ ਆਪਣਾ ਪਲੈਨ ਦੱਸਦਾ ਤੇ ਕਦੇ ਰਿਪਬਲੀਕਨ ਲੀਡਰ ਆਪਣਾ ਪਲੈਨ ਦੱਸਦੇ ਅਤੇ ਮੀਡੀਆ ਇਸ ਸਰਕਸ ਨੂੰ ਦਿਨ ਰਾਤ ਲੋਕਾਂ ਦੇ ਘਰਾਂ ਵਿਚ ਪਹੁੰਚਾਉਂਦਾ। ਟੀ ਵੀ ਚੈਨਲ ਇਕ ਦੂਜੇ ਤੋਂ ਵੱਧ ਚੜ ਕੇ ਰੌਲਾ ਪਾ ਰਹੇ ਸਨ ਕਿ ਜੇ ਦੋ ਅਗਸਤ ਤੱਕ ਹੱਦ ਨਾ ਵਧਾਈ ਅਤੇ ਜੇ ਅਮਰੀਕਨ ਸਰਕਾਰ ਨੇ ਸੂਦਖ਼ੋਰਾਂ ਦੇ ਹਵਾਲੇ ਹੋਰ ਪੈਸੇ ਨਾ ਕੀਤੇ ਤਾਂ ਅਸਮਾਨ ਡਿੱਗ ਪਵੇਗਾ।

ਸੁਆਲ ਉੱਠਦਾ ਹੈ ਕਿ ਅਮਰੀਕਨ ਸਰਕਾਰ ਨੇ ਪਹਿਲਾਂ ਵੀ ਕਈ ਵਾਰ ਕਰਜ਼ੇ ਦੀ ਹੱਦ ਬਿਨਾਂ ਕਿਸੇ ਰੌਲੇ ਰੱਪੇ ਦੇ ਵਧਾਈ ਹੈ। ਇਸ ਵਾਰ ਐਨਾ ਵੱਡਾ ਡਰਾਮਾ ਕਰਨ ਦੀ ਕੀ ਲੋੜ ਸੀ? ਇਸ ਸਾਰੇ ਡਰਾਮੇ ਦਾ ਕੀ ਮਤਲਬ ਸੀ? ਇਸ ਬਾਰੇ ਕਈ ਕਿਆਸ ਲਾਏ ਜਾ ਰਹੇ ਹਨ। ਇਕ ਗੱਲ ਤਾਂ ਸਾਫ਼ ਹੈ ਕਿ ਇਸ ਸਰਕਸ ਬਾਜ਼ੀ ਨੇ ਅਮਰੀਕਨ ਲੋਕਾਂ ਨੂੰ ਕਾਫੀ ਭੰਬਲਭੂਸੇ ਵਿਚ ਪਾਈ ਰੱਖਿਆ ਹੈ। ਲੋਕਾਂ ਕੋਲ ਰੁਜ਼ਗਾਰ ਦਾ ਵਸੀਲਾ ਨਹੀਂ ਹੈ, ਗੁਰਬਤ ਅਤੇ ਜਹਾਲਤ ਵੱਧ ਰਹੇ ਹਨ। ਡਿਟਰਾਇਟ ਵਰਗੇ ਸ਼ਹਿਰਾਂ ਵਿਚ ਬੇਰੁਜ਼ਗਾਰੀ ਪੰਜਾਹ ਫੀ ਸਦੀ ਦੇ ਕਰੀਬ ਹੈ। ਲੋਕਾਂ ਕੋਲ ਗੁਜ਼ਾਰੇ ਦੇ ਸਾਧਨ ਨਹੀਂ। ਬੇਘਰ ਲੋਕਾਂ ਦੀ ਗਿਣਤੀ ਵਧ ਗਈ ਹੈ। ਪਰ ਇਸ ਕਰਜ਼ੇ ਬਾਜ਼ੀ ਦੇ ਡਰਾਮੇ ਨੇ ਇਨ੍ਹਾਂ ਗੱਲਾਂ ਬਾਰੇ ਚਰਚਾ ਅਤੇ ਵਿਚਾਰ ਵਟਾਂਦਰੇ ਤੋਂ ਲੋਕਾਂ ਦਾ ਧਿਆਨ ਹਟਾਇਆ ਹੈ।

ਦੂਜੀ ਗੱਲ ਇਹ ਹੈ ਕਿ ਇਸ ਸਰਕਸ ਨੇ ਇਸ ਅਸਲੀਅਤ ਤੇ ਵੀ ਪਰਦਾ ਪਾਇਆ ਹੈ ਕਿ ਓਬਾਮਾ ਅਤੇ ਰਿਪਬਲਿਕਨਾਂ ਦੇ ਸਾਰੇ ਪਲੈਨਾਂ ਵਿਚ ਇਕ ਸਾਂਝ ਹੈ। ਉਹ ਇਹ ਕਿ ਬਈ ਸੂਦਖ਼ੋਰਾਂ ਨੂੰ ਅਸੀਂ ਜ਼ਰੂਰ ਪੈਸੇ ਦੇਵਾਂਗਾ ਅਤੇ ਚਾਹੇ ਲੋਕਾਂ ਦੀ ਸਹੂਲਤਾਂ ਵਿਚ ਕੋਈ ਵੀ ਕਟੌਤੀਆਂ ਕਰਨੀਆਂ ਪੈਣ। ਸੂਦਖ਼ੋਰਾਂ ਦੇ ਸੂਦ ਬਾਰੇ ਇਨ੍ਹਾਂ ਸਾਰਿਆਂ ਵਿਚ ਇਕੋ ਰਾਏ ਹੈ। ਉਨ੍ਹਾਂ ਨੂੰ ਕਈ ਟ੍ਰਿਲੀਅਨ ਡਾਲਰ ਦੇਣ ਲਈ ਦੋਹਾਂ ਧਿਰਾਂ ਵਿਚ ਸਹਿਮਤੀ ਹੈ। ਹਾਲ ਵਿਚ ਹੀ ਫੈਡਰਲ ਰਿਜ਼ਰਵ ਦੀ ਇਕ ਆਡਿਟ ਹੋਈ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਅਮਰੀਕਨ ਸਰਕਾਰ ਨੇ 2008 ਤੋਂ ਹਾਲ ਤੱਕ ਬੈਂਕਾਂ ਨੂੰ ਤਕਰੀਬਨ 16 ਟ੍ਰਿਲੀਅਨ ਡਾਲਰ ਖ਼ਜ਼ਾਨੇ ਚੋਂ ਦੇ ਦਿੱਤੇ ਹਨ। ਪਰ ਲੋਕਾਂ ਦੀਆਂ ਲੋੜਾਂ ਲਈ ਇਨ੍ਹਾਂ ਦੇ ਖ਼ਜ਼ਾਨੇ ਕੋਲ ਪੈਸਾ ਨਹੀਂ ਅਤੇ ਉਨ੍ਹਾਂ ਵਿਚ ਕਟੌਤੀਆਂ ਕਰਨ ਲਈ ਦੋਹਾਂ ਧਿਰਾਂ ਤਲਵਾਰਾਂ ਸੂਤੀ ਫਿਰਦੀਆਂ ਹਨ। ਦੱਸਿਆ ਜਾਂਦਾ ਹੈ ਇਕ ਇਸ ਸਮਝੌਤੇ ਮੁਤਾਬਿਕ ਲੋਕਾਂ ਦੀਆਂ ਲੋੜਾਂ ਲਈ ਖ਼ਰਚੇ ਵਿਚ ਕਈ ਟ੍ਰਿਲੀਅਨ ਡਾਲਰਾਂ ਦੀ ਕਟੌਤੀ ਕੀਤੀ ਜਾਵੇਗੀ।

ਇਸ ਸਰਕਸ ਬਾਜ਼ੀ ਦਾ ਇਕ ਹੋਰ ਪੱਖ ਇਹ ਵੀ ਸੀ ਕਿ ਇਨ੍ਹਾਂ ਮਸਲਿਆਂ ਤੇ ਖੁੱਲ੍ਹੇ ਵਿਚਾਰ ਵਟਾਂਦਰੇ ਦੀ ਬਜਾਏ ਓਬਾਮਾ ਅਤੇ ਰਿਪਬਲੀਕਨ ਪਾਰਟੀ ਦੇ ਕੁਝ ਬੰਦਿਆਂ ਨੇ ਆਪਸ ਵਿਚ ਖ਼ੁਫ਼ੀਆ ਮੀਟਿੰਗਾਂ ਵਿਚ ਹੀ ਇਹ ਮੁੱਕ ਮੁਕਾਓ ਕਰ ਲਿਆ ਹੈ। ਕਾਂਗਰਸ ਵਿਚ ਬਹਿਸ ਦੀ ਥਾਂ ਤੇ ਖ਼ੁਫ਼ੀਆ ਮੀਟਿੰਗਾਂ ਵਿਚ ਅਹਿਮ ਮਸਲਿਆਂ ਦਾ ਹੱਲ ਕਰਨ ਨਾਲ ਕਾਂਗਰਸ ਅਤੇ ਚੁਣੇ ਹੋਏ ਨੁਮਾਇੰਦਿਆਂ ਦਾ ਕਿਰਦਾਰ ਬਿਲਕੁਲ ਹੀ ਖ਼ਤਮ ਕੀਤਾ ਜਾ ਰਿਹਾ ਹੈ। ਇਕ ਲੋਕ ਰਾਏ ਕਾਇਮ ਕੀਤੀ ਜਾ ਰਹੀ ਹੈ ਕਿ ਕਾਂਗਰਸ ਤਾਂ ਹਰ ਕੰਮ ਵਿਚ ਸਿਰਫ਼ ਵਿਘਨ ਹੀ ਪਾਉਂਦੀ ਹੈ। ਓਬਾਮਾ ਨੇ ਵੀ ਕਈ ਤਕਰੀਰਾਂ ਵਿਚ ਇਹ ਗੱਲ ਕਹੀ ਹੈ। ਇਸ ਨਾਲ ਸਦਰ ਦੀ ਕੋਸ਼ਿਸ਼ ਹੈ ਕਿ ਉਹ ਰਿਆਸਤ ਦੀ ਜ਼ਿਆਦਾ ਤਾਕਤ ਆਪਣੇ ਹੱਥ ਵਿਚ ਹੀ ਕਰ ਲਵੇ। ਜਾਰਜ ਬੁਸ਼, ਨਿਕਸਨ ਅਤੇ ਹੋਰਨਾਂ ਸਦਰਾਂ ਦੀ ਵੀ ਇਹ ਕੋਸ਼ਿਸ਼ ਰਹੀ ਹੈ। ਉਨ੍ਹਾਂ ਨੇ ਕਾਂਗਰਸ ਤੇ ਹੀ ਇਲਜ਼ਾਮ ਲਾਏ ਸਨ ਕਿ ਇਹ ਉਨ੍ਹਾਂ ਨੂੰ ਕੁਝ ਕਰਨ ਨਹੀਂ ਦਿੰਦੀ।

ਇਸ ਸਰਕਸ ਨਾਲ ਇਹ ਗੱਲ ਬਿਲਕੁਲ ਸਾਫ ਹੁੰਦੀ ਹੈ ਕਿ ਅਮਰੀਕਨ ਰਿਆਸਤ ਤੇ ਸੂਦਖ਼ੋਰਾਂ ਅਤੇ ਬੈਂਕਾਂ ਦਾ ਮੁਕੰਮਲ ਕਬਜ਼ਾ ਹੈ। ਸਦਰ ਓਬਾਮਾ ਅਤੇ ਰਿਆਸਤ ਦੇ ਹੋਰ ਅਦਾਰੇ ਉਨ੍ਹਾਂ ਦੇ ਹੱਥਾਂ ਦੀਆਂ ਕਠਪੁਤਲੀਆਂ ਬਣ ਚੁੱਕੇ ਹਨ। ਸਮਾਜ ਵਿਚ  ਸੂਦਖ਼ੋਰਾਂ ਅਤੇ ਬੈਂਕਾਂ ਦੀਆਂ ਲੋੜਾਂ ਨੂੰ ਲੋਕਾਂ ਦੀਆਂ ਲੋੜਾਂ ਤੋਂ ਜ਼ਿਆਦਾ ਤਰਜੀਹ ਦਿਤੀ ਜਾ ਰਹੀ ਹੈ ਅਤੇ ਇਹੋ ਜਿਹੀ ਸਰਕਸ ਬਾਜ਼ੀ ਨਾਲ ਲੋਕਾਂ ਦਾ ਧਿਆਨ ਇਸ ਅਸਲੀਅਤ ਤੋਂ ਪਰ੍ਹੇ ਕੀਤਾ ਜਾਂਦਾ ਹੈ।

ਪਰ ਅਮਰੀਕਨ ਲੋਕ ਆਪਣੇ ਹਾਲਾਤ ਬਾਰੇ ਆਪਸ ਵਿਚ ਬਹੁਤ ਵਿਚਾਰ ਵਟਾਂਦਰਾ ਕਰ ਰਹੇ ਹਨ। ਉਹ ਆਪਣੇ ਮਸਲਿਆਂ ਬਾਰੇ ਸੋਸ਼ਲ ਨੈਟਵਰਕ, ਇਲਕਟਰੌਨਿਕ ਟਾਊਨ ਹਾਲ ਮੀਟਿੰਗਾਂ  ਅਤੇ ਹੋਰਨਾਂ ਤਰੀਕਿਆਂ ਨਾਲ ਬੈਂਕਾਂ ਦੀ ਇਸ ਜਕੜ ਚੋਂ ਨਿਕਲਣ ਦਾ ਰਾਹ ਲੱਭ ਰਹੇ ਹਨ।